# ਪੀਣ ਦੇ ਪਾਣੀ ਵਿੱਚ ਮੈਂਗਨੀਜ਼
# Manganese in Drinking Water

ਮੈਂਗਨੀਜ਼ (ਐਮਐਨ) (Manganese (Mn)) ਹਵਾ, ਭੋਜਨ, ਉਪਭੋਗਤਾ ਉਤਪਾਦਾਂ ਅਤੇ ਪੀਣ ਦੇ ਪਾਣੀ ਵਿੱਚ ਮਿਲਣ ਵਾਲਾ ਤੱਤ ਹੈ।

## ਮੈਂਗਨੀਜ਼ ਇੱਕ ਸਮੱਸਿਆ ਕਿਉਂ ਹੈ?

ਮੈਂਗਨੀਜ਼ ਦੀ ਛੋਟੀ ਮਾਤਰਾ ਮਨੁੱਖੀ ਸਿਹਤ ਲਈ ਜ਼ਰੂਰੀ ਹੈ। ਹਾਲਾਂਕਿ, ਹੈਲਥ ਕੈਨੇਡਾ ਦੀ ਨਵੀਂ ਖੋਜ ਨੇ ਦਰਸ਼ਇਆ ਹੈ ਕਿ ਬਹੁਤ ਜ਼ਿਆਦਾ ਮੈਂਗਨੀਜ਼ ਵਾਲਾ ਪਾਣੀ ਪੀਣਾ ਸਿਹਤ ਲਈ ਇੱਕ ਜੋਖਮ ਹੋ ਸਕਦਾ ਹੈ।

ਮੈਂਗਨੀਜ਼ ਕਰਕੇ ਪਾਣੀ ਬਦਰੰਗ ਹੋ ਸਕਦਾ ਹੈ ਪਰ ਉਸਦਾ ਕੋਈ ਸੁਆਦ ਨਹੀਂ ਹੁੰਦਾ। ਇਹ ਲੌਂਡਰੀ ਤੇ ਦਾਗ ਵੀ ਲਗਾ ਸਕਦਾ ਹੈ।

## ਬਹੁਤ ਜ਼ਿਆਦਾ ਮੈਂਗਨੀਜ਼ ਵਾਲਾ ਪਾਣੀ ਪੀਣ ਸੰਬੰਧੀ ਕਿਹੜੀਆਂ ਸਿਹਤ ਚਿੰਤਾਵਾਂ ਹਨ?

ਮੈਂਗਨੀਜ਼ ਦੇ ਉੱਚੇ ਸਤਰਾਂ ਵਾਲਾ ਪਾਣੀ ਪੀਣ ਕਰਕੇ ਨਿਆਣਿਆਂ ਅਤੇ ਛੋਟੇ ਬੱਚਿਆਂ ਵਿੱਚ ਦਿਮਾਗ ਦੇ ਵਿਕਾਸ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਹੈਲਥ ਕੈਨੇਡਾ ਦੇ ਅਨੁਸਾਰ, ਮੈਂਗਨੀਜ਼ ਸਰੀਰ ਵਿੱਚ ਸਭ ਤੋਂ ਅਸਾਨੀ ਨਾਲ ਪੀਣ ਦੇ ਪਾਣੀ ਰਾਹੀਂ ਜਜ਼ਬ ਹੁੰਦਾ ਹੈ।

## ਮੈਂਗਨੀਜ਼ ਦੀ ਕਿੰਨੀ ਮਾਤਰਾ ਸਿਹਤ ਸਮੱਸਿਆਵਾਂ ਦਾ ਕਾਰਨ ਹੋ ਸਕਦੀ ਹੈ?

ਹੈਲਥ ਕੈਨੇਡਾ ਨੇ ਪੀਣ ਦੇ ਪਾਣੀ ਵਿੱਚ ਮੈਂਗਨੀਜ਼ ਦੇ ਲਈ 0.12 ਮਿਲੀਗ੍ਰਾਮ/ਲੀਟਰ (120µg/L) ਦੀ ਅਧਿਕਤਮ ਸਵੀਕਾਰਯੋਗ ਮਾਤਰਾ (ਐਮਏਸੀ) (Maximum Acceptable Concentration (MAC)) ਤਹਿ ਕੀਤੀ ਹੈ।

ਐਮਏਸੀ (MAC) ਸਾਰੇ ਕਨੇਡੀਅਨਾਂ ਦੀ ਰੱਖਿਆ ਕਰਨ ਲਈ ਇੱਛਿਤ ਹੈ। ਇਹ ਸਭ ਤੋਂ ਕਮਜ਼ੋਰ/ਸੰਵੇਦਨਸ਼ੀਲ ਆਬਾਦੀ (ਉਦਾਹਰਣ ਲਈ ਨਿਆਣੇ ਅਤੇ ਛੋਟੇ ਬੱਚਿਆਂ) ਤੇ ਅਧਾਰਤ ਹੈ।

ਹੈਲਥ ਕੈਨੇਡਾ ਨੇ ਮੈਂਗਨੀਜ਼ ਦੇ ਲਈ 0. 02 ਮਿਲੀਗ੍ਰਾਮ/ਲੀਟਰ ਦਾ ਨਵਾਂ ਐਸਥੈਟਿਕ ਔਬਜੈਕਟਿਵ (Aesthetic Objective) ਵੀ ਸਥਾਪਤ ਕੀਤਾ ਹੈ। ਇਸ ਮਾਤਰਾ ਵਿੱਚ ਪਾਣੀ ਵਿੱਚ ਮੈਂਗਨੀਜ਼ ਸਿਹਤ ਸੰਬੰਧੀ ਚਿੰਤਾ ਨਹੀਂ ਹੈ, ਪਰ ਇਸ ਨਾਲ ਪਾਣੀ ਦੇ ਰੰਗ ਜਾਂ ਦਿਖ ਤੇ ਅਸਰ ਪੈ ਸਕਦਾ ਹੈ।

ਅੱਪਡੇਟ ਕੀਤੀ ਹੋਈ ਸੇਧ ਬਾਰੇ ਹੋਰ ਜਾਣਕਾਰੀ ਲਈ, Government of Canada: Guidelines for Canadian Drinking Water Quality: Guideline Technical Document – Manganese ਤੇ ਜਾਓ।

## ਪਹਿਲਾਂ ਪੀਣ ਦੇ ਪਾਣੀ ਵਿੱਚ ਮੈਂਗਨੀਜ਼ ਸਿਹਤ ਲਈ ਚਿੰਤਾ ਕਿਉਂ ਨਹੀਂ ਸੀ?

ਲੰਬੇ ਸਮੇਂ ਤੋਂ, ਮੈਂਗਨੀਜ਼ ਨੂੰ ਪੀਣ ਦੇ ਪਾਣੀ ਵਿੱਚ ਕੇਵਲ ਇੱਕ ਪਰੇਸ਼ਾਨੀ (ਉਦਾਹਰਣ ਲਈ ਲੌਂਡਰੀ, ਪਲੰਬਿੰਗ ਫਿਕਸਚਰਾਂ ਤੇ ਦਾਗ) ਮੰਨਿਆ ਜਾਂਦਾ ਸੀ। ਪਰ ਨਵੇਂ ਵਿਗਿਆਨਕ ਅਧਿਐਨ ਪੀਣ ਦੇ ਪਾਣੀ ਵਿੱਚ ਉੱਚੇ ਸਤਰਾਂ ਨਾਲ ਸੰਪਰਕ ਸਿਹਤ ਸੰਬੰਧੀ ਅਸਰ ਦਿਖਾਉਂਦੇ ਹਨ। ਇਸ ਨਵੀਂ ਜਾਣਕਾਰੀ ਨੂੰ ਪੀਣ ਦੇ ਪਾਣੀ ਵਿੱਚ ਮੈਂਗਨੀਜ਼ ਲਈ ਸੇਧਾਂ ਨੂੰ ਸੰਸ਼ੋਧਿਤ ਕਰਨ ਲਈ ਵਰਤਿਆ ਗਿਆ ਸੀ।

## ਮੈਨੂੰ ਕਿਵੇਂ ਪਤਾ ਲਗੇਗਾ ਜੇ ਮੇਰੇ ਪੀਣ ਦੇ ਪਾਣੀ ਵਿੱਚ ਮੈਂਗਨੀਜ਼ ਹੈ?

ਪਾਣੀ ਜਿਸ ਵਿੱਚ ਮੈਂਗਨੀਜ਼ ਦਾ ਉੱਚਾ ਪਧਰ ਹੁੰਦਾ ਹੈ ਰੰਗਦਾਰ ਹੋ ਸਕਦਾ ਹੈ (ਜਿਵੇਂ ਕਿ ਗੂੜਾ ਭੂਰਾ ਜਾਂ ਕਾਲਾ ਰੰਗ)। ਇਹ ਅਕਸਰ ਲੌਂਡਰੀ ਅਤੇ ਫਿਕਸਚਰਾਂ 'ਤੇ ਧੱਬੇ ਛੱਡ ਸਕਦਾ ਹੈ। ਇਹ ਜਾਣਨ ਦਾ ਇਕੱਲਾ ਢੰਗ ਕਿ ਕੀ ਤੁਹਾਡੇ ਕੋਲ ਮੈਂਗਨੀਜ਼ ਦੇ ਉੱਚੇ ਸਤਰ ਹਨ ਤੁਹਾਡੇ ਪਾਣੀ ਦੀ ਜਾਂਚ ਕਰਨਾ ਹੈ।

ਪਾਣੀ ਦਾ ਸਪਲਾਇਰ ਜਾਂ ਖੂਹ ਦਾ ਮਾਲਕ ਦੂਸ਼ਿਤ ਕਰਨ ਵਾਲੇ ਸੰਭਾਵੀ ਪਦਾਰਥਾਂ ਵਾਸਤੇ ਜਾਂਚ ਕਰਨ ਲਈ ਜ਼ਿੰਮੇਵਾਰ ਹੈ। ਪੀਣ ਦੇ ਪਾਣੀ ਦੇ ਵੱਡੇ ਜਨਤਕ ਸਪਲਾਈ ਸਿਸਟਮ ਮੈਂਗਨੀਜ਼ ਸਮੇਤ ਦੂਸ਼ਿਤ ਕਰਨ ਵਾਲੇ ਪਦਾਰਥਾਂ ਲਈ ਨਿਗਰਾਨੀ ਕਰਦੇ ਹਨ। ਤੁਹਾਡੇ ਪਾਣੀ ਦੇ ਸਪਲਾਇਰ ਨੂੰ ਪਤਾ ਹੋਵੇਗਾ ਜੇ ਮੈਂਗਨੀਜ਼ ਦੇ ਸਤਰ ਮਨੁੱਖਾਂ ਦੇ ਪੀਣ ਵਾਸਤੇ ਬਹੁਤ ਜ਼ਿਆਦਾ ਹਨ, ਅਤੇ ਜੇ ਅਜਿਹਾ ਹੈ ਤਾਂ ਉਹ ਤੁਹਾਨੂੰ ਦੱਸੇਗਾ।

ਆਪਣੇ ਪੀਣ ਦੇ ਪਾਣੀ ਦੀ ਮੈਂਗਨੀਜ਼ ਵਾਸਤੇ ਜਾਂਚ ਕਰਨ ਲਈ, ਆਪਣੀ ਸਥਾਨਕ ਹੈਲਥ ਅਥਾਰਿਟੀ ਜਾਂ ਸਟੈਂਡਰਡ ਕਾਉਂਸਲ ਆਫ ਕੈਨੇਡਾ ਜਾਂ ਕਨੇਡੀਅਨ ਅਸੋਸੀਏਸ਼ਨ ਫਾਰ ਲੈਬੋਟਰੀ ਅਕ੍ਰੈਡੀਟੇਸ਼ਨ ਦੁਆਰਾ ਪ੍ਰਵਾਨਿਤ ਪ੍ਰਯੋਗਸ਼ਾਲਾ ਨਾਲ ਸੰਪਰਕ ਕਰੋ। ਹੋਰ ਜਾਣਕਾਰੀ ਲਈ, www2.gov.bc.ca/gov/content/environment/air-land-water/water/water-quality/drinking-water-quality/health-authority-contacts ਤੇ ਮਨਿਟਰੀ ਆਫ ਹੈਲਥ – ਡ੍ਰਿੰਕਿੰਗ ਵਾਟਰ ਕੁਆਲਿਟੀ (Ministry of Health - Drinking Water Quality) ਤੇ ਜਾਓ।

ਨੀਜੀ ਖੂਹ ਦੇ ਪਾਣੀ ਦੀ ਜਾਂਚ ਬਾਰੇ ਹੋਰ ਜਾਣਕਾਰੀ ਲਈ, HealthLinkBC File #05b ਖੂਹ ਦੇ ਪਾਣੀ ਦੀ ਜਾਂਚ ਦੇਖੋ।

## ਜੇ ਮੇਰੇ ਪੀਣ ਦੇ ਪਾਣੀ ਵਿੱਚ ਮੈਂਗਨੀਜ਼ ਹੈ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇ ਤੁਹਾਡਾ ਪਾਣੀ ਬਦਰੰਗ ਹੈ ਤਾਂ ਆਪਣੇ ਪਾਣੀ ਦੇ ਸਪਲਾਇਰ ਨਾਲ ਸੰਪਰਕ ਕਰੋ ਅਤੇ ਕਾਰਨ ਬਾਰੇ ਜਾਣਕਾਰੀ ਮੰਗੋ। ਮੈਂਗਨੀਜ਼ ਕਰਕੇ ਪਾਣੀ ਅਜਿਹੀਆਂ ਮਾਤਰਾਵਾਂ ਤੇ ਬਦਰੰਗ ਹੋ ਸਕਦਾ ਹੈ ਜਿੜੀਆਂ ਅਜੇ ਵੀ ਪੀਣ ਲਈ ਸੁਰੱਖਿਅਤ ਹਨ। ਸਾਵਧਾਨੀ ਵਜੋਂ, ਬਦਰੰਗ ਪਾਣੀ ਨੂੰ ਉਸ ਵੇਲੇ ਤੱਕ ਨਾ ਪੀਓ ਜਾਂ ਭੋਜਨ ਜਾਂ ਬੱਚਿਆਂ ਦਾ ਫਾਰਮੂਲਾ ਤਿਆਰ ਕਰਨ ਲਈ ਨਾ ਵਰਤੋ ਜਦੋਂ ਤੱਕ ਤੁਹਾਨੂੰ ਇਹ ਪੁਸ਼ਟੀ ਨਹੀਂ ਮਿਲ ਜਾਂਦੀ ਕਿ ਇਹ ਸੁਰੱਖਿਅਤ ਹੈ। ਦੂਸਰੇ ਰਸਾਇਣ, ਜਿਵੇਂ ਕਿ ਲੋਹਾ, ਜਿਹੜੇ ਮੈਂਗਨੀਜ਼ ਨਾਲ ਮਿਲਦੇ ਜੁਲਦੇ ਹਾਲਾਤਾਂ ਹੇਠ ਪਾਏ ਜਾ ਸਕਦੇ ਹਨ ਬਦਰੰਗ ਕਰਨ ਦਾ ਕਾਰਨ ਹੋ ਸਕਦੇ ਹਨ। ਇਹ ਮੈਂਗਨੀਜ਼ ਵਰਗੀਆਂ ਸਥਿਤੀਆਂ ਵਿੱਚ ਪਾਇਆ ਜਾ ਸਕਦਾ ਹੈ। ਹੱਥ ਧੋਣ, ਸ਼ਾਵਰ ਕਰਨ ਜਾਂ ਨਹਾਉਣ ਕਰਕੇ ਸਿਹਤ ਸੰਬੰਧੀ ਕੋਈ ਗਿਆਤ ਚਿੰਤਾਵਾਂ ਨਹੀਂ ਹਨ।

ਜੇ ਤੁਹਾਡੇ ਪਾਣੀ ਵਿੱਚ ਮੈਂਗਨੀਜ਼ ਲਈ ਐਮਏਸੀ (MAC) ਤੋਂ ਵੱਧ ਹੈ, ਤਾਂ ਕੋਈ ਹੋਰ ਸ੍ਰੋਤ ਵਰਤੋ। ਉਦਾਹਰਨਾਂ ਵਿੱਚ ਨਿਆਣਿਆਂ ਅਤੇ ਛੋਟੇ ਬੱਚਿਆਂ ਲਈ ਬੇਬੀ ਫਾਰਮੂਲਾ ਤਿਆਰ ਕਰਨ ਲਈ ਬੋਤਲਬੰਦ ਪਾਣੀ ਸ਼ਾਮਲ ਹੈ। ਐਮਏਸੀ ਤੋਂ ਵੱਧ ਮੈਂਗਨੀਜ਼ ਸਤਰਾਂ ਵਾਲਾ ਪਾਣੀ ਪੀਣ ਵਾਲੇ ਬਾਲਗਾਂ ਨੂੰ ਨਿਆਣਿਆਂ ਅਤੇ ਬੱਚਿਆਂ ਨਾਲੋਂ ਘੱਟ ਜੋਖਮ ਹੈ।ਤੁਸੀਂ ਸਤਰਾਂ ਨੂੰ ਘਟਾਉਣ ਲਈ ਪਾਣੀ ਦੇ ਉਪਚਾਰ ਬਾਰੇ ਵਿਚਾਰ ਕਰਨਾ ਜਾਂ ਸਮੇਂ ਦੀ ਲੰਬੀ ਮਿਆਦ ਲਈ ਪੀਣ ਦੇ ਪਾਣੀ ਦੇ ਦੂਸਰੇ ਸ੍ਰੋਤ ਲੱਭਣਾ ਚਾਹ ਸਕਦੇ ਹੋ।ਤੁਹਾਡੀ ਹੈਲਥ ਅਥਾਰਿਟੀ ਅਤੇ ਪਾਣੀ ਦਾ ਸਪਲਾਇਰ ਤੁਹਾਨੂੰ ਪਾਣੀ ਦੇ ਉਪਚਾਰ ਦੀ 'ਕਿਸਮ' ਜਾਂ ਉਹ ਤੁਹਾਡੇ ਘਰ ਜਾਂ ਭਾਈਚਾਰੇ ਦੇ ਪੀਣ ਦੇ ਪਾਣੀ ਦੇ ਲਈ ਕਿਹੜੀਆਂ ਸਾਵਧਨੀਆਂ ਦੀ ਸਿਫਾਰਸ਼ ਕਰਦੇ ਹਨ ਬਾਰੇ ਸਲਾਹ ਦੇ ਸਕਦੇ ਹਨ।

## ਜੇ ਮੈਂ ਮੈਂਗਨੀਜ਼ ਦੇ ਉੱਚੇ ਸਤਰਾਂ ਵਾਲਾ ਪਾਣੀ ਪੀਂਦਾ/ਪੀਂਦੀ ਰਹੀ ਹਾਂ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਹੈਲਥ ਕੈਨੇਡਾ ਨੇ ਸਾਵਧਾਨੀ ਵਾਲੀ ਪਹੁੰਚ ਵਰਤਦੇ ਹੋਏ ਐਮਏਸੀ ਸਥਾਪਿਤ ਕੀਤੀ। ਇਹ ਮੰਨਿਆ ਜਾਂਦਾ ਹੈ ਕਿ ਸਭ ਤੋਂ ਕਮਜ਼ੋਰ ਲੋਕ ਸਮੇਂ ਦੀਆਂ ਲੰਬੀਆਂ ਮਿਆਦਾਂ ਦੇ ਲਈ ਮੈਂਗਨੀਜ਼ ਦੇ ਉੱਚੇ ਸਤਰਾਂ ਦੇ ਨਾਲ ਲਗਾਤਾਰ ਸੰਪਰਕ ਵਿੱਚ ਆਉਂਦੇ ਰਹਿਣਗੇ। ਇਸ ਕਰਕੇ, ਵਿੱਚ ਹੀ ਬਣਾਏ ਗਏ ਸੁਰੱਖਿਆ ਦੇ ਵਾਧੂ ਕਾਰਕ ਹਨ।ਸਮੇਂ ਦੀਆਂ ਛੋਟੀਆਂ ਮਿਆਦਾਂ ਦੇ ਲਈ ਐਮਏਸੀ ਤੋਂ ਵੱਧ ਮੈਂਗਨੀਜ਼ ਦੇ ਸਤਰਾਂ ਵਾਲਾ ਪਾਣੀ ਪੀਣ ਦੀ ਸਿਹਤ ਸੰਬੰਧੀ ਮੁੱਦਿਆਂ ਦਾ ਕਾਰਨ ਬਣਨ ਦੀ ਸੰਭਾਵਨਾ ਨਹੀਂ ਹੈ।

ਜੇ ਤੁਸੀਂ ਮੈਂਗਨੀਜ਼ ਦੇ ਉੱਚੇ ਸਤਰਾਂ ਵਾਲਾ ਪਾਣੀ ਪੀਂਦੇ ਆਏ ਹੋ ਅਤੇ ਤੁਹਾਨੂੰ ਤੁਹਾਡੀ ਸਿਹਤ ਬਾਰੇ ਚਿੰਤਾਵਾਂ ਹਨ, ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

## ਮੈਂ ਆਪਣੇ ਪੀਣ ਦੇ ਪਾਣੀ ਤੋਂ ਮੈਂਗਨੀਜ਼ ਹਟਾਉਣ ਲਈ ਕੀ ਕਰ ਸਕਦਾ/ਦੀ ਹਾਂ?

ਘਰ ਵਿੱਚ ਪਾਣੀ ਦੇ ਪੀਣ ਦਾ ਉਪਚਾਰ ਕਰਨ ਵਾਲੇ ਸਿਸਟਮ ਮੈਂਗਨੀਜ਼ ਦੇ ਉੱਚੇ ਸਤਰਾਂ ਨੂੰ ਘਟਾਉਣ ਲਈ ਇੱਕ ਵਿਕਲਪ ਹਨ।ਪੀਣ ਦੇ ਪਾਣੀ ਵਿੱਚ ਮੈਂਗਨੀਜ਼ ਦੇ ਸਤਰਾਂ ਨੂੰ ਘਟਾਉਣ ਲਈ ਉਚਿਤ ਉਪਚਾਰ ਵਿੱਚ ਸ਼ਾਮਲ ਹਨ: ਰਿਵਰਸ ਔਸਮੋਸਿਸ, ਆਇਓਨ ਐਕਸਚੇਂਜ/ਵਾਟਰ ਸੌਫਟਨਰ ਅਤੇ ਔਕਸੀਡਾਈਜ਼ਿੰਗ ਫਿਲਟਰ।ਉਪਚਾਰ ਦੇ ਇਹ ਸਿਸਟਮ ਆਮਤੌਰ ਤੇ ਘਰ ਵਿੱਚ ਪ੍ਰਵੇਸ਼ ਦੇ ਸਥਾਨ ਤੇ ਲਗਾਏ ਜਾਂਦੇ ਹਨ।ਇੰਨ੍ਹਾਂ ਨੂੰ ਵਰਤੋਂ ਦੇ ਸਥਾਨ (ਉਦਾਹਰਣ ਲਈ ਟੂਟੀਆਂ ਜਾਂ ਨਲਕਿਆਂ) ਤੇ ਵੀ ਵਰਤਿਆ ਜਾ ਸਕਦਾ ਹੈ। ਪਾਣੀ ਨੂੰ ਉਬਾਲਣਾ ਮੈਂਗਨੀਜ਼ ਦੀਆਂ ਮਾਤਰਾਵਾਂ ਨੂੰ ਵਧਾ ਸਕਦਾ ਹੈ, ਇਸ ਕਰਕੇ ਇਸ ਦੀ ਸਿਫਾਰਸ਼ ਨਹੀਂ ਕੀਤੀ ਜਾਂਦੀ।

ਪਾਣੀ ਦੇ ਉਪਚਾਰ ਦਾ ਅਜਿਹਾ ਉਪਕਰਣ ਭਾਲੋ ਜਿਹੜਾ ਸਟੈਂਡਰਡਜ਼ ਕਾਉਂਸਲ ਆਫ ਕੈਨੇਡਾ (ਐਸਸੀਸੀ) ਦੁਆਰਾ ਪ੍ਰਮਾਣਿਤ ਹੈ।ਪ੍ਰਮਾਣੀਕਰਣ ਦਾ ਮਤਲਬ ਹੈ ਕਿ ਉਪਕਰਣ ਨਿਰਮਾਤਾ ਦੁਆਰਾ ਦਾਅਵਾ ਕੀਤੇ ਅਨੁਸਾਰ ਕੰਮ ਕਰਦਾ ਹੈ।*ਨੋਟ: ਇਸ ਵੇਲੇ ਖਾਸ ਕਰਕੇ ਸਿਰਫ ਮੈਂਗਨੀਜ਼ ਨੂੰ ਹਟਾਉਣ ਲਈ ਇੱਛਿਤ ਕੋਈ ਵੀ ਉਪਕਰਣ ਨਹੀਂ ਹਨ।ਪਰ, ਐਨਐਸਐਫ/ ਏਐਨਐਸਆਈ ਸਟੈਂਡਰਡ 42 (NSF/ANSI Standard 42) ਨੂੰ ਪੂਰਾ ਕਰਨ ਵਾਲਾ ਕੋਈ ਵੀ ਉਪਕਰਣ ਮੈਂਗਨੀਜ਼ ਨੂੰ ਸੁਰੱਖਿਅਤ ਸਤਰਾਂ ਤੱਕ ਘਟਾਉਣ ਦੇ ਕਾਬਲ ਹੈ।

ਤੁਸੀਂ ਉਪਚਾਰ ਦਾ ਉਚਿਤ ਸਿਸਟਮ ਕਿਵੇਂ ਚੁਣਦੇ ਹੋ ਕਈ ਵੱਖ ਵੱਖ ਕਾਰਕਾਂ ਤੇ ਨਿਰਭਰ ਕਰੇਗਾ। ਇਸ ਵਿੱਚ ਸ਼ਾਮਲ ਹਨ 'ਕਿੰਨੀ' ਅਤੇ ਮੈਂਗਨੀਜ਼ ਦੀ 'ਕਿਸਮ'।ਉਪਚਾਰ ਦੀ ਚੋਣ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾਂ ਵਿੱਚ ਸ਼ਾਮਲ ਹਨ: ਸਖਤੀ,ਆਇਰਨ, ਖਾਰਾਪਣ (alkalinity), ਸਲਫਾਇਡ, ਅਮੋਨੀਆ ਅਤੇ ਘੁਲੇ ਹੋਏ ਜੈਵਿਕ ਕਾਰਬਨ ਦੀਆਂ ਮਾਤਰਾਵਾਂ।

## ਹੋਰ ਜਾਣਕਾਰੀ ਲਈ

ਜੇਕਰ ਤੁਸੀਂ ਆਪਣੇ ਦੁਆਰਾ ਪੀਤੇ ਜਾ ਰਹੇ ਪਾਣੀ ਦੀ ਗੁਣਵੱਤਾ ਬਾਰੇ ਚਿੰਤਾ ਕਰਦੇ ਹੋ, ਤਾਂ ਸਿਹਤ ਅਥਾਰਟੀ ਦੇ ਸਥਾਨਕ ਵਾਤਾਵਰਣ ਸਿਹਤ ਅਧਿਕਾਰੀ ਨਾਲ ਸੰਪਰਕ ਕਰੋ।

- ਫਸਟ ਨੇਸ਼ਨਜ਼ ਹੈਲਥ ਅਥਾਰਿਟੀ (First Nations Health Authority) 604 693-6500, tol PRI 1-866 913-0033
- ਫਰੇਜ਼ਰ ਹੈਲਥ (Fraser Health) 604-587-4600
- ਇੰਨਟੀਰੀਅਰ ਹੈਲਥ (Interior Health) 250-862-4200
- ਆਈਲੈਂਡ ਹੈਲਥ (Island Health) 250-370-8699
- ਨੌਰਦਰਨ ਹੈਲਥ (Northern Health) 250-565-2649
- ਵੈਨਕੂਵਰ ਕੋਸਟਲ ਹੈਲਥ (Vancouver Coastal Health) 604-736-2033